T-5

ਸੋਹੰ ਹਰਿ ਸੋਹੰ

# ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ

(ਟ੍ਰੈਕਟ ਨੰਬਰ 5.)




ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਪ੍ਰਕਾਸ਼ਕ :
ਸ਼੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾ. ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201

ਪਹਿਲੀ ਵਾਰ :
4000 ਜਨਵਰੀ 2000
ਕੀਮਤ :
ਆਪ ਪੜ੍ਹੋ ਅਤੇ ਹੋਰਨਾ ਨੂੰ ਪੜ੍ਹਾਉ

# ਆਰਤੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ
ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

(ਪੰਨਾ ੬੯੪)

# ਉਦਾਸੀਆਂ ਸ਼੍ਰੀ ਗੁਰੂ ਰਵਿਦਾਸ ਜੀ

—ਪ੍ਰੋ. ਲਾਲ ਸਿੰਘ
576 ਨਿਊ ਮਾਡਲ ਹਾਊਸ (ਜਲੰਧਰ)

ਉਦਾਸੀ ਦਾ ਅਰਥ ਹੈ ਮੋਹ-ਰਹਿਤ ਭਾਵ ਮਨੁੱਖ ਮੋਹ-ਰਹਿਤ, ਆਪਣੇ ਇਸ਼ਟ ਨਾਲ ਇਕ-ਮਿੱਕ ਹੋ, ਉਸ ਪਰਮਾਤਮਾ ਦੇ ਹੁਕਮ ਅਧੀਨ ਮਨੁੱਖ ਦੇ ਭਲੇ ਲਈ ਤਤਪਰ ਹੋ ਜਾਂਦਾ ਹੈ। ਜਿਸ ਵੀ ਮਹਾਂਪੁਰਸ਼ ਨੇ ਉਦਾਸੀਆਂ ਕੀਤੀਆਂ ਉਨ੍ਹਾਂ ਦਾ ਮੰਤਵ ਆਪਣੇ ਵਿਚਾਰਾਂ ਰਾਹੀਂ ਲੋਕਾਈ ਨੂੰ ਤਾਰਨ ਦਾ ਸੀ। ਸਮੁੱਚੀ ਮਨੁੱਖਤਾ ਦੇ ਦੁੱਖਾਂ ਨੂੰ ਖਤਮ ਕਰਨਾ ਸੀ। ਇਹ ਵਿਚਾਰਧਾਰਾ ਦਰ-ਅਸਲ ਪਾਰਬ੍ਰਹਮ-ਪ੍ਰਭੂ ਦੀ ਆਪਣੀ ਹੈ ਜਿਹੜੀ ਭਗਤੀ ਨੂੰ ਪ੍ਰਭੂ ਪ੍ਰਾਪਤੀ ਹੁੰਦੀ ਹੈ। ਇਸ ਦੀ ਇਕੋ-ਇਕ ਪਹਿਚਾਣ ਇਹ ਹੈ ਕਿ ਇਹ ਵਿਚਾਰਧਾਰਾ ਕੁਦਰਤ ਦੇ ਨਿਯਮਾਂ ਨੂੰ ਕਿਸੇ ਵੀ ਤਰ੍ਹਾਂ ਕਿਸੇ ਵੀ ਹਾਲਤ ਵਿਚ ਭੰਗ ਨਹੀਂ ਕਰਦੀ।

ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਇਸ ਸਿਧਾਂਤ ਉਪਰ ਹਰ ਪੱਖ ਤੋਂ ਪੂਰੀ ਉੱਤਰਦੀ ਹੈ। ਇਹ ਅਨਿਆਂ ਅਤੇ ਅਣ-ਮਨੁੱਖੀ ਵਰਤਾਰੇ ਦੇ ਵਿਰੁੱਧ ਹੈ। ਇਸ ਲਈ ਇਸ ਦੀ ਕੁਰਲਾ ਰਹੀ ਮਨੁੱਖ-ਜਾਤੀ ਨੂੰ ਅਤਿਅੰਤ ਲੋੜ ਸੀ ਕਿਉਂਕਿ ਗੁਰੂ ਰਵਿਦਾਸ ਦੇ ਵੇਲੇ ਭਾਰਤੀ ਸਮਾਜ ਵਿਚ ਧਰਮਾਂ ਦੀ ਬੁਨਿਆਦ ਕੇਵਲ ਮਨੁੱਖਤਾ ਵਿਰੋਧੀ ਹੀ ਸੀ। ਵੇਦ, ਪੁਰਾਣ ਅਤੇ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦਾ ਮੁੱਖ ਮੰਤਵ ਮਨੁੱਖ-ਜਾਤੀ ਨੂੰ ਤਹਿਸ-ਨਹਿਸ ਕਰਕੇ ਖੁਸ਼ੀ ਪ੍ਰਾਪਤ ਕਰਨਾ ਸੀ। ਹਿੰਦੂ ਧਰਮ ਦੇ ਸਾਰੇ ਨਿਯਮਾਂ, ਕੁਦਰਤ ਦੇ ਨਿਯਮਾਂ ਨੂੰ ਭੰਗ ਕਰਕੇ ਆਪਣੇ ਮਤਲਬ ਨੂੰ ਪੂਰਾ ਕਰਨ ਲਈ ਬਣਾਏ ਗਏ ਸਨ। ਇਨ੍ਹਾਂ ਗ੍ਰੰਥਾਂ ਦਾ ਮਨੁੱਖ ਨੂੰ ਮਨੁੱਖ ਨਾਲ ਨਫ਼ਰਤ ਸਿਖਾਉਣ ਤੋਂ ਬਿਨਾਂ ਹੋਰ ਕੋਈ ਮੰਤਵ ਨਹੀਂ ਸੀ। ਹਿੰਦੂ ਧਰਮ ਅਨੁਸਾਰ ਸ਼ੂਦਰ ਭਗਤੀ ਨਹੀਂ ਕਰ ਸਕਦਾ। ਭਗਤੀ ਕਰਨ ਦੀ ਸਜਾ ਮੌਤ ਹੈ। ਉਹ ਵੇਦ ਨਹੀਂ ਪੜ੍ਹ ਸਕਦਾ। ਵੇਦ ਪੜ੍ਹਨ ਦੇ ਜ਼ੁਰਮ ਵਿਚ ਜੀਭ ਕੱਟ ਦਿੱਤੀ ਜਾਂਦੀ ਹੈ। ਵੇਦ ਸੁਣਨ ਦੀ ਸਜ਼ਾ ਕੰਨਾਂ ਵਿਚ ਸਿੱਕਾ ਢਾਲਕੇ ਪਾਉਣਾ ਹੈ। ਉਹ ਮੰਦਰ ਵਿਚ ਨਹੀਂ ਜਾ ਸਕਦਾ, ਅਤੇ ਨਾ ਪੜ੍ਹ ਸਕਦਾ। ਉਹ ਗੁਰੂ ਨਹੀਂ ਬਣ ਸਕਦਾ। ਉਹ ਜੂਠ ਖਾਵੇਗਾ ਅਤੇ ਫਟੇ ਪੁਰਾਣੇ ਪਹਿਨੇਗਾ। ਉਸ ਦਾ ਆਪਣਾ ਕੋਈ ਘਰ ਨਹੀਂ ਹੋ ਸਕਦਾ। ਉਸ ਤੋਂ ਬਿਨਾਂ ਉਜਰਤ ਦਿੱਤਿਆਂ ਕੰਮ ਲਿਆ ਜਾਵੇਗਾ। ਇਸ ਕੰਮ ਬਦਲੇ ਉਸਨੂੰ ਭੁੱਖਾਂ ਮਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਅਨੇਕ ਹੋਰ ਅਣ-ਮਨੁੱਖੀ ਨਿਯਮਾਂ ਨੇ ਸ਼ੂਦਰ ਨੂੰ ਪਸ਼ੂ ਬਣਾ ਦਿੱਤਾ। ਇਸ ਤਰ੍ਹਾਂ ਹਿੰਦੂ ਧਰਮ ਨੇ ਮਨੁੱਖ ਜਾਤੀ ਦੇ ਇਕ ਵੱਡੇ ਭਾਗ ਨੂੰ ਅਛੂਤ ਬਣਾ ਦਿੱਤਾ। ਉਸ ਦੀ ਪ੍ਰਛਾਈਂ ਤੱਕ ਵੀ ਬ੍ਰਹਮਣ ਨੂੰ ਭਿੱਟ ਦਿੰਦੀ ਸੀ।

ਅਜਿਹੇ ਗੈਰ-ਮਨੁੱਖੀ ਧਰਮ ਦੀਆਂ ਜੜ੍ਹਾਂ ਪੁੱਟਣ ਲਈ ਸ੍ਰੀ ਗੁਰੂ
ਰਵਿਦਾਸ ਜੀ ਨੇ ਇਕ ਨਵੀਂ ਵਿਚਾਰਧਾਰਾ ਦੀ ਸਿਰਜਨਾ ਕੀਤੀ ਜਿਹੜੀ
ਸਮੁੱਚੀ ਮਨੁੱਖਤਾ ਦੇ ਭਲੇ ਲਈ ਸੀ।

ਇਹ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ
ਹਿੰਦੂ ਧਰਮ ਦਾ ਵਿਰੋਧ ਕਰਨ ਲਈ ਨਹੀਂ ਸਿਰਜੀ ਗਈ। ਉਨ੍ਹਾਂ ਦੀ
ਵਿਚਾਰਧਾਰਾ ਦਾ ਅਧਾਰ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨਾ ਹੈ।
ਪਰ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਆਧਾਰ ਕੁਦਰਤ ਦੇ ਨਿਯਮਾਂ ਨੂੰ
ਭੰਗ ਕਰਦਾ ਹੈ। ਸੋ ਕੁਦਰਤੀ ਹੀ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ,
ਹਿੰਦੂ ਧਰਮ ਦੀ ਵਿਚਾਰਧਾਰਾ ਦੀ ਵਿਰੋਧੀ ਬਣ ਗਈ। ਇਸ ਵਿਰੋਧਤਾ ਦਾ
ਇਕ ਬੁਨਿਆਦੀ ਕਾਰਨ ਇਹ ਵੀ ਹੈ ਕਿ ਗੁਰੂ ਜੀ ਦੀ ਵਿਚਾਰਧਾਰਾ ਅੱਜ
ਦੇ ਵਿਕਸਤ ਵਿਗਿਆਨ ਤੇ ਵੀ ਪੂਰੀ ਉਤਰਦੀ ਹੈ। ਜਦ ਕਿ ਹਿੰਦੂ ਧਰਮ
ਦੀ ਵਿਚਾਰਧਾਰਾ ਦੀ ਬੁਨਿਆਦ ਹੀ ਗੈਰ-ਵਿਗਿਆਨਕ ਹੈ। ਸ੍ਰੀ ਗੁਰੂ
ਰਵਿਦਾਸ ਜੀ ਦੀਆਂ ਉਦਾਸੀਆਂ ਇਸ ਮਹੱਤਵ ਪੂਰਨ ਨੁਕਤੇ ਨੂੰ ਮਹੱਤਵ
ਪੂਰਨ ਢੰਗ ਨਾਲ ਹੀ ਸਪੱਸ਼ਟ ਕਰਦੀਆਂ ਹਨ।

ਇਸ ਵਿਸ਼ਵ ਧਰਮ ਦੀ ਵਿਗਿਆਨਕ ਵਿਚਾਰਧਾਰਾ ਅਨੁਸਾਰ
ਕੀਤੇ ਅਮਲਾਂ ਕਾਰਨ ਸ੍ਰੀ ਗੁਰੂ ਰਵਿਦਾਸ ਜੀ ਦੀ ਕੀਰਤੀ ਚਾਰੇ ਪਾਸੇ ਫੈਲ
ਗਈ। ਰਾਜੇ ਰਾਣੀਆਂ, ਅਹਿਲਕਾਰ ਅਤੇ ਅਨੇਕਾਂ ਬ੍ਰਾਹਮਣ, ਖੱਤਰੀ ਅਤੇ
ਹੋਰ ਮਨੁੱਖ ਗੁਰੂ ਜੀ ਦੇ ਸੇਵਕ ਬਣ ਗਏ।

ਬਨਾਰਸ ਵਿਚ ਆਪਣੀ ਵਿਚਾਰਧਾਰਾ ਸਫਲਤਾ ਨਾਲ ਪ੍ਰਚਾਰਨ
ਪਿੱਛੋਂ ਸ੍ਰੀ ਗੁਰੂ ਰਵਿਦਾਸ ਜੀ ਨੇ ਚਿਤੌੜਗੜ੍ਹ, ਉਦੇਪੁਰ, ਮਾਰਵਾੜ, ਜੋਧਪੁਰ,
ਪਟਨਾ, ਗੋਰਖਪੁਰ, ਸੁਲਤਾਨਪੁਰ ਲੋਧੀ, ਅੰਮ੍ਰਿਤਸਰ ਕੋਠਾ ਸਾਹਿਬ ਆਦਿ
ਸਥਾਨਾਂ ਦੀਆਂ ਉਦਾਸੀਆਂ ਕੀਤੀਆਂ।

ਉਦੇਪੁਰ (ਚਿਤੌੜ) ਦੇ ਰਾਜਾ ਕੁੰਭ ਸਿੰਘ ਦੀ ਰਾਣੀ ਝਾਲੀ ਬਾਈ
ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਸਤਿਸੰਗ ਸੁਣਿਆ ਮਨ ਸ਼ਾਂਤ ਹੋ ਗਿਆ।
ਗੁਰੂ ਜੀ ਅੱਗੇ ਨਾਮ ਦਾਨ ਬਖਸ਼ਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਸ਼ਰਧਾ
ਹੇਤ "ਸਤਿਨਾਮ" ਗੁਰੂ ਮੰਤਰ ਦਾ ਉਪਦੇਸ਼ ਦਿੱਤਾ। ਪਰ ਰਾਜ ਘਰਾਣੇ ਦਾ
ਗੁਰੂ ਚਮਾਰ ਅਛੂਤ ਹੋਵੇ, ਇਹ ਹਿੰਦੂ ਸਮਾਜ ਨੂੰ ਕਿਵੇਂ ਸਵੀਕਾਰ ਹੋ ਸਕਦਾ
ਸੀ ਅਤੇ ਨਾ ਹੀ ਉਨ੍ਹਾਂ ਦੇ ਧਾਰਮਿਕ ਗ੍ਰੰਥ ਇਸ ਦੀ ਆਗਿਆ ਦਿੰਦੇ ਸਨ।
ਸੋ ਬ੍ਰਹਾਮਣ ਲੋਕ ਸੜ ਗਏ ਅਤੇ ਆ ਕੇ ਰਾਣਾ ਕੁੰਭ ਸਿੰਘ ਨੂੰ ਰਾਣੀ ਝਾਲੀ
ਵਿਰੁੱਧ ਭੜਕਾਇਆ। ਕਰੋਧ ਵਿਚ ਆਏ ਰਾਜੇ ਨੇ ਰਾਣੀ ਅਤੇ ਸ੍ਰੀ ਗੁਰੂ
ਰਵਿਦਾਸ ਜੀ ਨੂੰ ਬੁਲਾਵਾ ਭੇਜਿਆ ਤਾਂ ਕਿ ਦੋਹਾਂ ਨੂੰ ਸਜ਼ਾ ਦਿੱਤੀ ਜਾ
ਸਕੇ।

ਸ੍ਰੀ ਗੁਰੂ ਰਵਿਦਾਸ ਜੀ ਦੀ ਉਦੈਪੁਰ ਦੀ ਇਹ ਬਨਾਰਸ ਤੋਂ ਬਾਹਰ
ਦੀ ਉਦਾਸੀ ਸੀ। ਗੁਰੂ ਜੀ ਸੰਗਤਾਂ ਨੂੰ ਸਿਮਰਨ ਨਾਲ ਨਿਹਾਲ ਕਰਦੇ ਹੋਏ

ਮਾਧੋਪੁਰ (ਮੱਧ ਪ੍ਰਦੇਸ਼) ਪਹੁੰਚੇ। ਤੱਪਦੇ ਹਿਰਦਿਆਂ ਨੂੰ ਠਾਰਦੇ ਹੋਏ ਟਾਂਕ (ਰਾਜਸਥਾਨ) ਪਹੁੰਚ ਕੇ ਵਿਸ਼ਰਾਮ ਕੀਤਾ। ਇਲਾਹੀ ਬਾਣੀ ਦਾ ਪ੍ਰਵਾਹ ਚਲਾਉਂਦੇ ਹੋਏ ਉਹ ਉਦੈਪੁਰ ਪਹੁੰਚੇ। ਸਰਕਾਰੀ ਸਨਮਾਨ ਦੇ ਕੇ ਆਉ ਭਗਤ ਕੀਤੀ ਗਈ। ਰਾਣਾ ਕੁੰਭ ਸਿੰਘ ਨੇ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਬ੍ਰਾਹਮਣਾਂ ਦੀ ਪਰਖ ਲਈ ਠਾਕੁਰ ਨੂੰ ਦੂਰ ਸਜਾਏ ਹੋਏ ਸਿੰਘਾਸਨ ਤੋਂ ਬੁਲਾਉਣ ਲਈ ਕਿਹਾ ਪਰ ਬ੍ਰਾਹਮਣ ਸਫਲ ਨਹੀਂ ਹੋ ਸਕੇ। ਪਰ ਸ਼੍ਰੀ ਗੁਰੂ ਰਵਿਦਾਸ ਜੀ ਪ੍ਰਭੂ ਦੀ ਕ੍ਰਿਪਾ ਨਾਲ ਇਥੇ ਵੀ ਆਪਣੀ ਵਿਚਾਰਧਾਰਾ ਨੂੰ ਸਫਲਤਾ ਨਾਲ ਪੇਸ਼ ਕਰਨ ਵਿਚ ਸਫਲ ਰਹੇ। ਰਾਜਾ ਕੁੰਭ ਸਿੰਘ ਨੂੰ ਸਤਿਨਾਮ ਦਾ ਗੁਰਮੰਤਰ ਦੇ ਕੇ ਰਾਜ ਗੁਰੂ ਬਣੇ।

ਰਾਜਾ ਕੁੰਭ ਸਿੰਘ ਨੇ ਗੁਰੂ-ਧਾਰਨ ਦੀ ਖੁਸ਼ੀ ਵਿਚ ਰਾਜ-ਭੋਜ ਕੀਤਾ। ਬ੍ਰਾਹਮਣਾਂ ਨੇ ਜ਼ਿੱਦ ਕੀਤੀ ਕਿ ਉਹ ਚਮਾਰ ਨਾਲ ਪੰਗਤ ਵਿਚ ਬੈਠ ਕੇ ਭੋਜਨ ਨਹੀਂ ਛਕਣਗੇ। ਪਰ ਇਹ ਰਾਜ-ਗੁਰੂ ਦੀ ਹੱਤਕ ਸੀ। ਗੁਰੂ ਜੀ ਨੇ ਰਾਜੇ ਨੂੰ ਕਿਹਾ ਕਿ ਜਿਵੇਂ ਬ੍ਰਾਹਮਣ ਭੋਜਨ ਚਾਹੁੰਦੇ ਹਨ, ਉਸੇ ਤਰ੍ਹਾਂ ਹੀ ਕੀਤਾ ਜਾਵੇ। ਜਦੋਂ ਬ੍ਰਾਹਮਣ ਭੋਜਨ ਛਕਣ ਲੱਗੇ ਤਾਂ ਗੁਰੂ ਜੀ ਹਰ ਬ੍ਰਾਹਮਣ ਨਾਲ ਬੈਠੇ ਸਨ। ਇਹ ਚਮਤਕਾਰ ਦੇਖ ਦੇ ਬ੍ਰਾਹਮਣਾਂ ਨੇ ਮੁਆਫੀ ਮੰਗੀ ਅਤੇ ਗੁਰਮੰਤਰ ਪ੍ਰਾਪਤ ਕਰਕੇ, ਗੁਰੂ ਜੀ ਦੇ ਸੇਵਕ ਬਣੇ। ਗੁਰੂ ਜੀ ਨੇ ਗੁਰ-ਮੰਤਰ ਦਿੰਦਿਆਂ ਸੰਗਤ ਵਿਚ ਦਸਿਆ ਕਿ ਪਰਮਾਤਮਾ ਇਕ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਬੜੀ ਦ੍ਰਿੜਤਾ ਅਤੇ ਸ਼ਕਤੀਸ਼ਾਲੀ ਦਲੀਲਾਂ ਨਾਲ ਹਿੰਦੂਆਂ ਦੇ ਭਗਵਾਨ-ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦਾ ਖੰਡਨ ਕਰਦੇ ਹੋਏ ਫਰਮਾਉਂਦੇ ਹਨ ਕਿ ਪਾਰਬ੍ਰਹਮ ਪਰਮਾਤਮਾ ਦੀ ਸ੍ਰਿਸ਼ਟੀ ਦਾ ਕਰਤਾ ਹੋਣ ਕਰਕੇ ਇਨ੍ਹਾਂ ਦੇ ਘਟ ਘਟ ਵਿਚ ਵਿਚਰਦਾ ਹੈ। ਇਹ ਤਿੰਨੇ ਮਹਾਂਪੁਰਖ ਤਾਂ ਪ੍ਰਭੂ ਦੀ ਆਪਣੀ ਸਿਰਜਣਾ ਹਨ। ਇਸ ਲਈ ਪ੍ਰਭੂ ਦੇ ਬਰਾਬਰ ਤਾਂ ਹੋ ਹੀ ਨਹੀਂ ਸਕਦੇ। ਇਥੇ ਹੀ ਬੱਸ ਨਹੀਂ ਗੁਰੂ ਜੀ ਤਾਂ ਸਪੱਸ਼ਟਟ ਕਰਦੇ ਹਨ ਕਿ ਉਹ ਤਾਂ ਹਰੀ ਦੇ ਭਗਤ ਦੇ ਵੀ ਬਰਾਬਰ ਨਹੀਂ। ਭਗਤ ਅਤੇ ਪਰਮਾਤਮਾ ਵਿਚ ਅੰਤਰ ਨਹੀਂ ਹੈ।

ਸੰਤ ਅਨੰਤਹਿ ਅੰਤਰੁ ਨਾਹੀ॥

ਇਸ ਕਰਕੇ ਜਦੋਂ ਵੀ ਹਰੀ ਦੇ ਭਗਤ ਤੇ ਭੀੜ ਪੈਂਦੀ ਹੈ ਤਾਂ ਭਗਤ ਪਰਮਾਤਮਾ ਨਾਲ ਇੱਕ-ਮਿੱਕ ਹੋ ਜਾਂਦਾ ਹੈ ਅਤੇ ਸਰਵ-ਸ਼ਕਤੀਮਾਨ ਬਣ ਕਦੇ ਉਹ ਉਲਟੀ ਗੰਗਾ ਵਹਾ ਦਿੰਦਾ ਹੈ, ਕਦੇ ਪੱਥਰ ਤਾਰ ਦਿੰਦਾ ਹੈ, ਕਦੇ ਅਨੇਕਾਂ ਰੂਪ ਬਣ ਬ੍ਰਾਹਮਣਾਂ ਨੂੰ ਸਾਂਝੇ ਲੰਗਰ ਦਾ ਪਾਠ ਪੜ੍ਹਾ ਤੇ ਹਰ ਮਨੁੱਖ ਵਿਚ ਪਰਮਾਤਮਾ ਵਸਦਾ ਹੈ—ਦੀ ਅਸਲੀਅਤ ਸਮਝਾ ਕੇ ਤੌਬਾ ਕਰਵਾਉਂਦਾ ਹੈ।

ਸ਼੍ਰੀ ਗੁਰੂ ਰਵਿਦਾਸ ਜੀ ਨੇ ਇਹ ਚਮਤਕਾਰ ਜਾਂ ਕਰਾਮਾਤਾਂ ਹੰਕਾਰ ਵਸ ਹੋ ਲੋਕਾਂ ਨੂੰ ਡਰਾ ਧਮਕਾ ਕੇ ਆਪਣੀ ਗੱਲ ਮਨਾਉਣ ਲਈ

ਨਹੀਂ ਕੀਤੀਆਂ। ਇਹ ਮਜ਼ਬੂਰੀ ਵਿਚ ਬੇਵਸ ਹੋ, ਪਾਰਬ੍ਰਹਮ ਪਰਮਾਤਮਾ ਬਾਰੇ ਨਵਾਂ ਅਤੇ ਨਿਰੋਲ ਸੱਚ ਪ੍ਰਗਟਾਕੇ ਅਗਿਆਨੀਆਂ ਨੂੰ ਇਕੋ ਇਕ ਪਰਮਾਤਮਾ ਦਾ ਸਿਮਰਣ ਕਰ, ਸਿੱਧੇ ਰਾਹ ਪਾਉਣ ਲਈ ਕੀਤੀਆਂ ਹਨ।

ਇਹ ਵਿਸ਼ਵ-ਧਰਮ ਦੀ ਵਿਚਾਰਧਾਰਾ ਦੀ ਮਹੱਤਵਪੂਰਨ ਬੁਨਿਆਦ ਹੈ। ਇਸ ਤੋਂ ਪਹਿਲਾਂ ਗੁਰੂ ਜੀ ਨੇ ਚਾਰੇ ਯੁੱਗਾਂ ਦੇ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ, ਭਗਵਾਨਾਂ ਦਾ ਖੰਡਨ ਕਰਕੇ ਉਸ ਦੀ ਥਾਂ ਆਪਣੀ ਵਿਚਾਰਧਾਰਾ ਅਨੁਸਾਰ ਕੇਵਲ ਇਕ ਪਰਮਾਤਮਾ ਨੂੰ ਬੁਨਿਆਦ ਬਣਾਇਆ ਹੈ।

ਇਸ ਤਰ੍ਹਾਂ ਬ੍ਰਾਹਮਣਾਂ ਦਾ ਹੰਕਾਰ ਤੋੜ ਲੋਕਾਈ ਨੂੰ ਤਾਰਦੇ ਹੋਏ ਸ਼੍ਰੀ ਗੁਰੂ ਰਵਿਦਾਸ ਜੀ, ਪ੍ਰਤਾਪਗੜ੍ਹ ਬੂੰਦੀ ਅਤੇ ਝਾਂਸੀ ਰਾਹੀਂ ਬਨਾਰਸ ਪਹੁੰਚੇ।

ਮੀਰਾਂ ਮਹਾਰਾਣਾ ਸਾਂਗਾ ਦੀ ਨੂੰਹ ਸੀ, ਰਾਣਾ ਸਾਂਗਾ ਦਾ ਰਾਜਪੂਤਾਨਾ, ਗੁਜਰਾਤ ਅਤੇ ਮਾਲਵਾ ਤੇ ਰਾਜ ਸੀ। ਮੀਰਾਂ ਦਾ ਪਤੀ ਭੋਜ ਰਾਜ ਸੀ। ਮੀਰਾਂ ਬਾਈ ਮਨ ਪ੍ਰਭੂ ਦਰਸ਼ਨ ਲਈ ਵਿਆਕੁਲ ਸੀ। ਬਨਾਰਸ ਪਹੁੰਚ ਕੇ ਮੀਰਾਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕੀਤੀ ਤੇ ਮੀਰਾਂ ਪ੍ਰਭੂ ਸਿਮਰਨ ਵਿਚ ਮਗਨ ਹੋ ਗਈ।

ਮੀਰਾਂ ਦਾ ਭਰਾ ਅਤੇ ਸਹੁਰਾ ਰਾਣਾ ਸਾਂਘਾ ਚਮਾਰ ਨੂੰ ਗੁਰੂ ਧਾਰਨ ਕਰਕੇ ਬਹੁਤ ਕਰੋਧਵਾਨ ਹੋਏ। ਉਹ ਬਹੁਤ ਹੱਤਕ ਸਮਝ ਰਹੇ ਸਨ। ਇਸ ਕਰਕੇ ਮੀਰਾਂ ਨੂੰ ਮਾਰਨ ਦੀ ਵਿਉਂਤ ਬਨਾਉਣ ਲੱਗੇ। ਉਧਰ ਮੀਰਾਂ ਨੇ ਸਤਿਸੰਗੀਆਂ ਨਾਲ ਸਲਾਹ ਕਰਕੇ ਗੁਰੂ ਜੀ ਨੂੰ ਜੋਧਪੁਰ (ਮੇਵਾੜ) ਆਉਣ ਦਾ ਸੱਦਾ ਭੇਜ ਦਿੱਤਾ। ਭਰਾ ਅਤੇ ਹੋਰ ਸਬੰਧੀਆਂ ਨੇ ਮੀਰਾਂ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਭਰਤਪੁਰਾ ਅਜਮੇਰ ਰਾਹੀਂ ਪਾਪੀਆਂ ਨੂੰ ਤਾਰਦੇ ਹੋਏ ਜੋਧਪੁਰ ਪਹੁੰਚੇ ਅਤੇ ਉਥੇ ਸਿਮਰਨ ਪ੍ਰਵਾਹ ਚਲ ਪਿਆ।

ਸਤਿਗੁਰੂ ਦੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਮਹਾਰਾਣਾ ਸਾਂਗਾ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਨ ਕੀਤਾ। ਗੁਰੂ ਜੀ ਨੇ ਮੀਰਾਂ ਦੇ ਸੰਸਾਰਕ ਦੁੱਖਾਂ ਦਾ ਵੀ ਅੰਤ ਕੀਤਾ ਅਤੇ ਵਿਸ਼ਵ ਧਰਮ ਦੀ ਵਿਚਾਰਧਾਰਾ ਦੀ ਬੁਨਿਆਦ ਵੀ ਲੋਕਾਂ ਵਿੱਚ ਪੱਕੀ ਤੋਂ ਪਕੇਰੀ ਹੁੰਦੀ ਗਈ। ਉਥੋਂ ਜੈਸਲਮੇਰ ਰਾਹੀਂ ਸੰਗਤਾਂ ਨੂੰ ਤਾਰਦੇ ਹੋਏ ਬਹਾਵਲਪੁਰ (ਪਾਕਿਸਤਾਨ) ਹੁੰਦੇ ਹੋਏ ਬਨਾਰਸ ਪਹੁੰਚੇ।

ਰਾਜਾ ਪੀਪਾ ਨੇ ਗੁਰੂ ਕਬੀਰ, ਰਾਮਾਨੰਦ, ਸ਼੍ਰੀ ਗੁਰੂ ਰਵਿਦਾਸ ਜੀ ਅਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਨੂੰ ਪਟਨੇ ਸਦਿਆ ਅਤੇ ਵਾਸਦੇਵ ਦੇ ਦਰਸ਼ਨ ਕਰਾਉਣ ਦੀ ਬੇਨਤੀ ਕੀਤੀ। ਸਤਿਸੰਗ ਦਾ ਪ੍ਰਭਾਵ ਚਲ ਪਿਆ ਕੋਈ ਵੀ ਰਾਜਾ ਪੀਪਾ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਪਰ ਸ਼੍ਰੀ ਗੁਰੂ ਰਵਿਦਾਸ ਜੀ ਦੇ ਸਤਿਸੰਗ ਨੂੰ ਸੁਣ ਕੇ ਮਨ ਹੀ ਮਨ ਪ੍ਰਭੂ ਦੇ ਦਰਸ਼ਨ ਹੋ ਗਏ ਅਤੇ ਗੁਰੂ

ਜੀ ਦਾ ਪੈਰੋਕਾਰ ਬਣ ਗਿਆ। ਨਾਮਦਾਨ ਪਿੱਛੋਂ ਗੁਰੂ ਜੀ ਨੇ ਸ਼ਬਦ ਉਚਾਰਿਆ—

ਜਾ ਕੀ ਛੋਤਿ ਜਗਤ ਕਉ ਲਾਗੈ,
ਤਾ ਪਰ ਤੁਹੀ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦ,
ਕਾਹੂ ਤੇ ਨ ਡਰੈ।

ਪਟਨਾ ਤੋਂ ਚਲ ਕੇ ਗੁਰੂ ਜੀ ਭਾਗਲਪੁਰ (ਬਿਹਾਰ), ਕਿਪਾਲ ਹੁੰਦੇ ਹੋਏ ਗੋਰਖਪੁਰ, ਨਾਥਾਂ ਨਾਲ ਗੋਸ਼ਟ ਕਰਕੇ ਬਨਾਰਸ ਪਹੁੰਚੇ। ਉਹ ਲੋਕਾਂ ਨੂੰ ਤਾਰਨ ਲਈ ਭਰਤਪੁਰ (ਮੱਧ ਪ੍ਰਦੇਸ਼) ਬਹਿਰਾਮ ਪੁਰ (ਉੜੀਸਾ), ਹੈਦਰਾਬਾਦ (ਆਂਧਰਾ ਪ੍ਰਦੇਸ਼), ਬਾਜਾਪੁਰ (ਕਰਨਾਟਕ), ਬੰਬਾਈ, ਨਾਗਪੁਰ (ਮਹਾਂਰਾਸ਼ਟਰ), ਕਾਠੀਆਵਾੜ (ਗੁਜਰਾਤ), ਮਹੂ, ਭੁਪਾਲ, ਭਰਤਪੁਰ (ਮੱਧ ਪ੍ਰਦੇਸ਼) ਹੁੰਦੇ ਹੋਏ ਬਨਾਰਸ ਪਹੁੰਚੇ।

ਆਖਰੀ ਅਤੇ ਬਹੁਤ ਹੀ ਮਹੱਤਵਪੂਰਨ ਉਦਾਸੀ ਸੀ, ਪੰਜਾਬ, ਪਾਕਿਸਤਾਨ, ਅਫ਼ਗਾਨਸਤਾਨ, ਜੰਮੂ ਅਤੇ ਕਸ਼ਮੀਰ ਹਿਮਾਚਲ ਪ੍ਰਦੇਸ਼ ਦੀ। ਸ਼੍ਰੀ ਬੰਤਾ ਰਾਮ ਜੀ ਘੇੜਾ ਬਾਨੀ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਲਿਖਦੇ ਹਨ ਕਿ (ਕਲਾਇਤ ਆਰੀਆਂ ਮਸਾਫਰ-ਪਹਿਲੇ ਐਡੀਸ਼ਨ) ਦੇ ਮੁਤਾਬਿਕ 1315 ਈਸਵੀਂ ਵਿਚ ਇਕ ਸੰਤ ਸੰਮੇਲਨ ਕੋਠਾ ਸਾਹਿਬ (ਅੰਮ੍ਰਿਤਸਰ) ਵਿਖੇ ਹੋਇਆ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਸਾਧੂਆਂ ਦੇ ਭੋਜਨ ਦਾ ਪ੍ਰਬੰਧ ਕੀਤਾ ਅਤੇ ਇਹ ਸੰਮੇਲਨ ਸ਼੍ਰੀ ਗੁਰੂ ਰਵਿਦਾਸ ਜੀ ਦੀ ਦੇਖ-ਰੇਖ ਤੇ ਸਰਪ੍ਰਸਤੀ ਹੇਠ ਹੋਇਆ।

ਆਗਰਾ ਤੇ ਮਥਰਾ (ਯੂ.ਪੀ.) ਤੋਂ ਸ਼੍ਰੀ ਗੁਰੂ ਰਵਿਦਾਸ ਜੀ ਪ੍ਰਚਾਰ ਕਰਦੇ ਹੋਏ ਦਿੱਲੀ ਪੁੱਜੇ ਤੇ ਸਤਿਸੰਗ ਕੀਤਾ, ਤਾਂ ਬ੍ਰਾਹਮਣਾਂ ਨੇ ਸੁਲਤਾਨ ਸਕੰਦਰ ਲੋਧੀ ਨੂੰ ਸ਼ਿਕਾਇਤ ਕੀਤੀ ਕਿ ਚਮਾਰ ਰਵਿਦਾਸ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮਾਂ ਦਾ ਖੰਡਨ ਕਰਦਾ ਹੈ। ਗੁਰੂ ਜੀ ਨੂੰ ਸੁਲਤਾਨ ਨੇ ਆਪਣੇ ਦਰਬਾਰ ਵਿਚ ਤਲਬ ਕਰ ਲਿਆ ਅਤੇ ਸ਼ਿਕਾਇਤ ਬਾਰੇ ਦਸਿਆ। ਗੁਰੂ ਜੀ ਨੇ ਕਿਹਾ, ਹੇ ਸੁਲਤਾਨ! ਹਰ ਜੀਵ ਵਿਚ ਪਰਮਾਤਮਾ ਵਸਦਾ ਹੈ। ਇਸ ਲਈ ਕਿਸੇ ਵੀ ਜੀਵ ਨੂੰ ਦੁੱਖ ਦੇਣਾ ਠੀਕ ਨਹੀਂ। ਕਬੀਰ ਜੀ ਦੇ ਵੱਡੇ ਵਡੇਰੇ ਈਦ ਬਕਰੀਦ ਸਮੇਂ ਗਊਆਂ ਹਲਾਲ ਕਰਦੇ ਸਨ, ਪਰ ਕਬੀਰ ਜੀ ਨੇ ਮੁਸਲਮਾਨੀ ਦਬਾ ਤੋਂ ਨਿਡਰ ਹੋ ਅਜਿਹੇ ਕਰਮ ਕਰਨੇ ਛੱਡ ਦਿੱਤੇ ਅਤੇ ਪ੍ਰਭੂ ਸਿਮਰ ਕੇ ਲੋਕਾਂ ਵਿਚ ਪ੍ਰਸਿੱਧ ਹੋ ਗਿਆ—

ਜਾ ਕੇ ਈਦ ਬਕਰੀਦਿ ਕਾਲੁ ਗਊ ਤਾਂ ਬਧੁ ਕਰਿਹ,
ਮਾਨੀ ਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ॥

ਇਹ ਵਿਚਾਰ ਸੁਣ ਕੇ ਸੁਲਤਾਨ ਕਰੋਧ ਵਿਚ ਭੜਕਿਆ ਅਤੇ ਗੁਰੂ ਜੀ ਨੂੰ ਕੈਦ ਕਰ ਦਿੱਤਾ। ਪਰ ਗੁਰੂ ਜੀ ਤਾਂ ਬਾਹਰ ਸਤਿਸੰਗ ਵਿਚ ਮਗਨ ਸਨ। ਇਹ ਚਮਤਕਾਰ ਦੇਖ ਕੇ ਸੁਲਤਾਨ ਨੇ ਭੁੱਲ ਬਖਸਾਈ। ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ, ਲੋਕਾਂ ਨੂੰ ਤੰਗ ਕਰਨਾ ਛੱਡ ਦੇ। ਪਰਜਾ ਨੂੰ ਸੁਖੀ ਰੱਖ। ਪ੍ਰਭੂ ਸਭ ਵਿਚ ਵਸਦਾ ਹੈ। ਸੁਲਤਾਨ ਨੇ ਗੁਰੂ ਜੀ ਦਾ ਹੁਕਮ ਮੰਨ ਲੋਕਾਂ ਨੂੰ ਦੁੱਖਾਂ ਤੋਂ ਮੁਕਤ ਕਰਵਾਇਆ। ਗੁਰੂ ਜੀ ਸੁਲਤਾਨ ਨੂੰ ਉਪਦੇਸ਼ ਦੇ ਕੇ ਲੁਧਿਆਣਾ, ਫਗਵਾੜਾ, ਅੰਮ੍ਰਿਤਸਰ (ਕੋਠਾ ਸਾਹਿਬ) ਪੰਜਾਬ, ਲਾਹੌਰ, ਕੋਹਾਟ, ਦਰਾ ਖੈਬਰ (ਪਾਕਿਸਤਾਨ), ਜਲਾਲਬਾਦ (ਅਫਗਾਨਿਸਤਾਨ), ਡਲਹੌਜ਼ੀ ਤੋਂ ਸਤਿਸੰਗ ਕਰਦੇ ਹੋਏ ਪੀਲੀ ਭੀਤ, ਸ਼ਾਹਜਹਾਨਪੁਰ ਰਾਹੀਂ ਬਨਾਰਸ ਪਹੁੰਚੇ।

ਇਨ੍ਹਾਂ ਉਦਾਸੀਆਂ ਕਾਰਨ ਹੀ ਗੋਸ਼ਟੀਆਂ-ਸੰਭਵ ਹੋ ਸਕੀਆਂ। ਭਾਰਤ ਦੇ ਕੋਨੇ-ਕੋਨੇ ਵਿਚ ਉਦਾਸੀਆਂ ਦਾ ਬਹੁਤਾ ਕਾਰਨ ਸਥਾਨਕ ਰਾਜਿਆਂ ਪਾਸ ਬ੍ਰਾਹਮਣਾਂ ਦੀਆਂ ਗੁਰੂ ਵਿਰੁੱਧ ਸ਼ਿਕਾਇਤਾਂ ਸਨ। ਜਿਸ ਕਾਰਨ ਠੋਸ ਰੂਪ ਵਿਚ ਗੁਰੂ ਜੀ ਦੇ ਨਵੇਂ ਸੰਸਾਰ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਸੰਭਵ ਹੋ ਸਕਿਆ ਹੈ। ਇਸ ਕਾਰਨ ਭਗਤੀ ਲਹਿਰ ਦੇ ਮਹਾਂਪੁਰਸ਼ਾਂ ਵਿਚੋਂ ਪੁਰਾਣੇ ਸਾਹਿਤ ਵਿਚ ਸਭ ਤੋਂ ਵੱਧ ਜ਼ਿਕਰ ਗੁਰੂ ਜੀ ਦਾ ਆਉਂਦਾ ਹੈ। ਕਈ ਪੁਰਾਣੀਆਂ ਪੁਸਤਕਾਂ ਵਿਚ ਗੁਰੂ ਕਬੀਰ ਜੀ ਦਾ ਜ਼ਿਕਰ ਨਹੀਂ ਹੈ। ਪਰ ਉਸ ਤੋਂ ਪਿੱਛੋਂ ਕਬੀਰ ਦੀਆਂ ਪੁਸਤਕਾਂ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਸ਼੍ਰੀ ਗੁਰੂ ਕਬੀਰ ਆਦਿ ਦਾ ਜ਼ਿਕਰ ਵੀ ਹੈ। ਇਸ ਕਰਕੇ ਨਵੀਂ ਵਿਚਾਰਦਾਰਾ ਦੇ ਦਾਤਾ ਅਤੇ ਪ੍ਰਥਮ ਪ੍ਰਚਾਰਕ ਸ਼੍ਰੀ ਗੁਰੂ ਰਵਿਦਾਸ ਜੀ ਹੀ ਹਨ।

## .........ਅੰਤਰੁ ਕੈਸਾ

ਮੈਨੂੰ ਪ੍ਰਭੂ ਸਰੂਪ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਬਾਰੇ ਲਿਖਣ ਦਾ ਅਸ਼ੀਰਵਾਦ ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਜਲੰਧਰ) ਦੇ ਚੌਥੇ ਗੱਦੀ ਨਸ਼ੀਨ ਸੰਤ ਬਾਬਾ ਗਰੀਬ ਦਾਸ ਜੀ ਪਾਸੋਂ ਮਿਲਿਆ ਅਤੇ ਸੰਤਾਂ ਦੇ ਹੁਕਮ 'ਤੇ ਗੁਰੂ ਸਾਹਿਬ ਜੀ ਬਾਰੇ ਸਿੱਖ ਵਿਦਵਾਨਾਂ ਦੀਆਂ ਲਿਖੀਆਂ ਕਿਤਾਬਾਂ ਪੜ੍ਹੀਆਂ ਤੇ ਪੜ੍ਹ ਰਿਹਾ ਹਾਂ। ਐਸਾ ਮੈਨੂੰ ਕੋਈ ਸਿੱਖ ਲੇਖਕ ਦੀ ਲਿਖੀ ਕਿਤਾਬ ਨਹੀਂ ਮਿਲੀ ਜਿਸ ਵਿਚ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਗੁਰੂ ਸ਼ਬਦ ਨਾਲ ਸੰਬੋਧਨ ਕੀਤਾ ਹੋਵੇ। ਸਿੱਖ ਵਿਦਵਾਨ ਵਧੇਰੇ ਗੁਰੂ ਜੀ ਨੂੰ ਭਗਤ ਲਿਖਣ ਤੇ ਕਹਿਣ 'ਚ ਪਹਿਲ ਦਿੰਦੇ ਹਨ। ਸੱਚ ਆਖਾਂ ਜਿਹਨਾ ਲੋਕਾਂ ਦੇ ਦਿਲਾਂ ਅੰਦਰ ਨ਼ਫਰਤ ਭਰੀ ਹੋਈ ਹੈ। ਉਨ੍ਹਾਂ ਦੀ ਨਫਰਤ ਨੂੰ ਖਤਮ ਕਰਨ ਲਈ ਦਲਿਤ ਸਮਾਜ ਦੇ ਲੇਖਕਾਂ ਨੂੰ ਨਿਡਰ ਹੋ ਕੇ ਸੱਚ ਦੀ ਲੜਾਈ ਵਾਸਤੇ ਸੰਘਰਸ਼ ਕਰਨਾ ਹੋਵੇਗਾ।

ਕੀ ਸਿੱਖ ਲੇਖਕ ਸਾਨੂੰ ਦੱਸ ਸਕਦੇ ਹਨ ਕਿ ਸਾਹਿਬ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਕਸੂਰ ਕੀ ਹੈ। ਉਹ ਗੁਰੂ ਕਹਾਉਣ ਦੇ ਹੱਕਦਾਰ ਕਿਉਂ ਨਹੀਂ ਹੋ ਸਕਦੇ ਕਿ ਉਨ੍ਹਾਂ ਦਾ ਉਪਦੇਸ਼ ਇਕੱਲਾ ਦਲਿਤ ਸਮਾਜ ਲਈ ਸੀ। ਕੀ ਉਹ ਸਰਬ ਸਾਂਝੇ ਗੁਰੂ ਨਹੀਂ ਸਨ, ਕੀ ਸਿੱਖ ਪ੍ਰਚਾਰਕਾ ਨੇ ਉਨ੍ਹਾਂ ਦੀ ਮਹਾਨ ਸ਼ਖਸੀਅਤ ਬਾਰੇ ਜਾਨਣ ਵਾਸਤੇ ਉਨ੍ਹਾਂ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੋਭਾਇਮਾਨ ਦਰਜ ਬਾਣੀ ਤੇ ਵਿਚਾਰ ਕੀਤੀ। ਦਸ ਗੁਰੂ ਸਾਹਿਬਾਨ ਗੁਰੂ ਹਨ ਤਾਂ ਫਿਰ ਸ਼੍ਰੀ ਗੁਰੂ ਰਵਿਦਾਸ ਜੀ ਗੁਰੂ ਕਿਉਂ ਨਹੀਂ ਹਨ। ਸਾਹਿਬ ਸ਼੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਦਾ ਹੁਕਮ ਹੈ ਜਿਸ ਪਿਆਰੇ ਦੀ ਸੰਗਤ ਕਰਨ ਨਾਲ ਮਨ ਨੂੰ ਸ਼ਾਂਤੀ ਮਿਲੇ ਉਹ ਗੁਰੂ ਕਹਾਏ—

ਜਿਸ ਮਿਲਿਐ ਮਨਿ ਹੋਇ ਅਨੰਦ<br>
ਸੋ ਸਤਿਗੁਰੂ ਕਹੀਐ।

ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵੀ ਜਗਿਆਸੂ ਨੂੰ ਸ਼ਾਂਤੀ ਬਖਸ਼ਿਸ਼ ਕਰਦੀ ਹੈ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਸਾਹਿਬ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਕੱਲੇ ਦਰਸ਼ਨ ਹੀ ਨਹੀਂ ਬਨਾਰਸ ਜਾ ਕੇ ਕੀਤੇ ਸਨ ਜਦਕਿ ਉਨ੍ਹਾਂ ਦੇ ਰੂਹਾਨੀ ਸਤਿਸੰਗ ਦਾ ਅਨੰਦ ਵੀ ਮਾਣਿਆ ਸੀ ਅਤੇ ਉਨ੍ਹਾਂ ਦੇ ਰੂਹਾਨੀ ਬਚਨ ਸਤਿਕਾਰ ਸਹਿਤ ਸ਼੍ਰੀ ਗੁਰੂ ਨਾਨਕ ਦੇਵ ਜੀ ਪੰਜਾਬ ਲੈ ਆਏ ਸਨ। ਮਗਰੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗਰੰਥ ਵਿਚ ਦਰਜ ਕੀਤੇ ਅਤੇ ਰੂਹਾਨੀ ਬਚਨ ਦੀ ਵਿਚਾਰ ਕਰਦਿਆਂ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕਲਮ ਸੱਚ ਲਿਖਣੋਂ ਨਾ ਰਹਿ ਸਕੀ।

ਰਵਿਦਾਸ ਧਿਆਏ ਪ੍ਰਭ ਅਨੂਪ॥<br>
ਗੁਰੂ ਨਾਨਕ ਦੇਵ ਗੋਵਿੰਦ ਰੂਪ॥

(ਗੁਰੂ ਗ੍ਰੰਥ ਸਾਹਬਿ ਪੰਨਾ 1192)

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਪਰਮਾਤਮਾ ਦਾ ਸਰੂਪ ਲਿਖਿਆ ਹੈ। ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪ ਵੀ ਸਿਰਜਣਹਾਰੇ ਨਾਲ ਇਕਮਿਕ ਹੋਣ ਦਾ ਸਬੂਤ ਲਿਖਿਆ ਹੈ-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥<br>
ਕਨਕ ਕਟਿਕ ਜਲ ਤਰੰਗ ਜੈਸਾ। (ਪੰਨਾ 1393)

ਗੱਲ ਹੁਣ ਵਿਚਾਰਯੋਗ ਹੈ ਕਿ ਕੋਈ ਸੰਤਪੁਰਸ਼ ਆਖੇ ਪਰਮਾਤਮਾ ਤੇਰੇ ਮੇਰੇ 'ਚ ਅੰਤਰ ਕੀ ਹੈ ਇਹ ਗੱਲ ਨਿਰੰਜਨ ਦੀ ਸੱਚੀ ਭਗਤੀ ਬਿਨਾਂ ਨਹੀਂ ਆਖੀ ਸਕਦੀ। ਕੋਈ ਮਹਾਂਪੁਰਸ਼ ਪਰਮਾਤਮਾ ਦੀ ਭਗਤੀ ਬਿਨਾਂ ਦੂਸਰਿਆਂ ਦੇ ਜੀਵਨ ਦਾ ਕਲਿਆਣ ਨਹੀਂ ਕਰ ਸਕਦਾ। ਅਟੱਲ ਸੱਚਾਈ

ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਕਬੀਰ ਸਾਹਿਬ ਜੀ ਸਭ ਪਰਮਾਤਮਾ ਦੇ ਉਪਾਸ਼ਕ ਹੋਏ ਹਨ। ਭਗਤੀ ਕਰਨ ਮਗਰੋਂ ਮਨੁੱਖਤਾ ਨੂੰ ਸੱਚਾ ਉਪਦੇਸ਼ ਬਖਸ਼ਿਸ਼ ਕਰ ਗੁਰੂ ਕਹਾਏ ਤੇ ਸਾਰਾ ਜੀਵਨ ਉਨਾਂ ਦੇ ਪ੍ਰਭੂ ਭਗਤੀ ਵਿਚ ਲਾਇਆ। ਇਹ ਵੀ ਸੱਚਾਈ ਹੈ ਕਿ ਭਗਤ ਪਰਮਾਤਮਾ ਦਾ ਪਰਮਾਤਮਾ ਭਗਤ ਦਾ ਸਾਥੀ ਹੈ ਤੇ ਉਹ ਨੀਵੇਂ ਸਮਝੇ ਜਾਂਦੇ ਆਪਣੇ ਭਗਤਾਂ ਨੂੰ ਉੱਚੀ ਪਦਵੀ ਬਖਸ਼ਿਸ਼ ਕਰ ਦਿੰਦਾ ਹੈ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜੁ ਗੁਸਾਈਆਂ ਮੇਰਾ ਮਾਥੈ ਛਤ੍ਰ ਧਰੈ॥
ਨਾਮ ਦੇਵ ਕਬੀਰੁ ਤ੍ਰਿਲੋਚਨੁ ਸਧਨਾ ਸੈਨੁ ਤਰੈ॥

( ਗੁਰੂ ਗ੍ਰੰਥ ਸਾਹਿਬ ਪੰਨਾ 1106)

ਨਾ ਹੀ ਪਰਮਾਤਮਾ ਦੇ ਭਗਤ ਬਰਾਬਰ ਕੋਈ ਗਿਆਨੀ ਵਿਦਵਾਨ ਸੂਰਮਾ ਮਹਾਰਾਜ ਤੁਲ ਸਕਦਾ ਹੈ।

ਪੰਡਿਤ ਸੂਰ ਛਤ੍ਰਪਤਿ ਰਾਜਾ,
ਭਗਤ ਬਰਾਬਰਿ ਅਉਰੁ ਨ ਕੋਇ॥

(ਗੁਰੂ ਗ੍ਰੰਥ ਸਾਹਿਬ ਪੰਨਾ 858)

ਭਗਤਾਂ ਦਾ ਸੱਚਾ ਨਿਰੰਕਾਰ ਹੀ ਸਭ ਦਾ ਮੁਕਤੀ ਦਾਤਾ ਹੈ-

ਸੋਈ ਮੁਕੰਦੁ ਮੁਕਤਿ ਕਾ ਦਾਤਾ॥
ਸੋਈ ਮੁਕੰਦੁ ਹਮਰਾ ਪਿਤ ਮਾਤਾ।

(ਗੁਰੂ ਗ੍ਰੰਥ ਸਾਹਿਬ ਪੰਨਾ 875)

ਉਸਦੇ ਨਾਮ ਬਿਨ ਮਨੁੱਖ ਦੀ ਜਿੰਦਗੀ ਨਰਕ ਹੈ-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਪਰਮਾਤਮਾ ਬਾਰੇ ਜੋ ਸ਼੍ਰੀ ਗੁਰੂ ਰਵਿਦਾਸ ਜੀ ਨੇ ਮਾਨਵਤਾ ਨੂੰ ਸਮਝਾਇਆ ਸੋਈ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਗਾਇਆ। ਸ਼੍ਰੀ ਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਰਿਸ਼ੀਆ ਮੁਨੀਆਂ ਨਾਲੋਂ ਵੱਖਰੀ ਸੀ। ਉਨ੍ਹਾਂ ਨੇ ਭਗਤੀ ਜੰਗਲਾਂ ਵਿਚ ਜਾ ਕੇ ਨਹੀਂ ਕੀਤੀ ਸਗੋਂ ਪ੍ਰਭੂ ਭਗਤੀ ਦੇ ਨਾਲ ਨਾਲ ਦੱਬੀਆਂ ਕੌਮਾਂ ਨੂੰ ਉੱਚਾ ਚੁੱਕਣ ਖਾਤਿਰ ਸੰਘਰਸ਼ ਕੀਤਾ। ਉਨ੍ਹਾਂ ਦੇ ਕ੍ਰਾਂਤੀਕਾਰੀ ਸੰਘਰਸ਼ ਨੇ ਲਿਤਾੜੀਆਂ ਕੌਮਾਂ ਨੂੰ ਸਿਰ ਉੱਚਾ ਚੁੱਕਕੇ ਚੱਲਣ ਦਾ ਜਜ਼ਬਾ ਸਿਖਾਇਆ ਤੇ ਸਰਬ ਸਾਂਝਾ ਉਪਦੇਸ਼ ਬਖਸ਼ਿਸ਼ ਕਰਦਿਆਂ ਕਿਹਾ 'ਸਾਨੂੰ ਐਸਾ ਸ਼ਹਿਰ ਕਾਇਮ ਕਰਨਾ ਚਾਹੀਦਾ ਹੈ, ਕਿ ਜਿਥੇ ਸਭਨਾਂ ਦਾ ਜੀਵਨ ਸੁਖਦਾਇਕ ਹੋਵੇ।'

ਬੇਗਮਪੁਰਾ ਸ਼ਹਿਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥

( ਗੁਰੂ ਗ੍ਰੰਥ ਸਾਹਿਬ ਪੰਨਾ 345)

ਸਮੁੱਚੇ ਜਗਤ ਵਿਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਹੀ ਹੋਏ ਸਨ ਜਿਨ੍ਹਾਂ ਨੇ ਅਨੰਦਮਈ ਸ਼ਹਿਰ ਬੇਗਮਪੁਰਾ ਸਥਾਪਤ ਕਰਨ ਦਾ ਉਦੇਸ਼ ਦਿਤਾ। ਅੱਜ ਦੇ ਸਮੇਂ ਸਮੁੱਚੇ ਜਗਤ ਦੇ ਵਿਦਵਾਨਾਂ ਤੇ ਲੁਕਾਈ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਬਚਨਾ ਉਪਰ ਅਮਲ ਕਰਨਾ ਚਾਹੀਦਾ ਹੈ ਜੋ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਪਨਾਉਣ ਨਾਲ ਪਾਕਿਸਤਾਨ ਭਾਰਤ, ਰੂਸ, ਅਮਰੀਕਾ, ਚੀਨ, ਥਾਈਲੈਂਡ ਆਦਿ ਦੇਸ਼ਾਂ ਦੇ ਆਪਸੀ ਝਗੜੇ ਖਤਮ ਹੋ ਸਕਣ। ਐਸੇ ਮਹਾਨ ਗੁਰੂ ਨੂੰ ਮੇਰੀ ਕੋਟਿਨ ਕੋਟਿ ਨਿਮਸ਼ਕਾਰ ਜੋ ਸਮੁੱਚੀ ਮਾਨਵਤਾ ਨੂੰ ਇਕ ਅੱਖ ਨਾਲ ਵੇਖਦਾ ਹੈ। —ਮਹਿੰਦਰ ਸਿੰਘ, ਮਹੇੜ

# ਦਲਿਤ ਮਾਂ ਨੂੰ ਅਪੀਲ

ਕਿਹਾ ਜਾਂਦਾ ਹੈ ਕਿ ਹਰ ਇਕ ਮਹਾਨ ਆਦਮੀ ਦੀ ਮਹਾਨਤਾ ਪਿੱਛੇ ਕਿਸੇ ਨਾ ਕਿਸੇ ਔਰਤ ਦਾ ਸਹਿਯੋਗ ਹੁੰਦਾ ਹੈ। ਭਾਵੇਂ ਉਹ ਔਰਤ ਮਾਂ ਹੋਵੇ, ਭਾਵੇਂ ਭੈਣ ਹੋਵੇ, ਭਾਵੇਂ ਪਤਨੀ ਹੋਵੇ। ਇਸ ਕਰਕੇ ਹਰ ਇਕ ਔਰਤ ਕਿਸੇ ਨਾ ਕਿਸੇ ਆਦਮੀ ਨੂੰ ਮਹਾਨ ਬਣਾ ਸਕਦੀ ਹੈ। ਕੋਈ ਵੀ ਘਰ ਜਿਥੇ ਚਾਹੇ ਹਰ ਇਕ ਤਰ੍ਹਾਂ ਦੀ ਸਹੂਲਤ ਹੋਵੇ, ਪਰ ਜੇਕਰ ਉੱਤੇ ਕੋਈ ਔਰਤ ਵਸਦੀ ਨਾ ਹੋਵੇ ਤਾਂ ਉਹ ਘਰ ਅਧੂਰਾ ਹੁੰਦਾ ਹੈ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜਿਆਂ ਦੀ ਜਨਣੀ ਕਿਹਾ ਅਤੇ ਉਸ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ—

ਸੋ ਕਿਉ ਮੰਦਾ ਆਖੀਐ,
ਜਿਤੁ ਜੰਮਹਿ ਰਾਜਨ॥

(ਗੁਰੂ ਗ੍ਰੰਥ ਸਾਹਿਬ ਪੰਨਾ ੪੭੩)

ਔਰਤ ਵਰਗ ਦੇ ਕਈ ਦਰਜੇ ਹਨ। ਪਹਿਲਾ, ਧੀ, ਫਿਰ ਭੈਣ, ਫਿਰ ਪਤਨੀ ਅਤੇ ਫਿਰ ਮਾਂ ਆਦਿ। ਇਨ੍ਹਾਂ ਦਰਜਿਆਂ ਵਿਚੋਂ ਸਭ ਤੋਂ ਉੱਚਾ ਅਤੇ ਪਵਿੱਤਰ ਦਰਜਾ ਹੈ ਮਾਂ ਦਾ। ਔਰਤ ਦੇ ਇਸ ਦਰਜੇ ਨੂੰ ਸਾਰੀ ਦੁਨੀਆਂ ਨੇ ਸਲਾਹਿਆ ਹੈ। ਕਿਸੇ ਨੇ ਇਸ ਨੂੰ ਬੋਹੜ ਦੀ ਠੰਡੀ ਛਾਂ ਅਤੇ ਕਿਸੇ ਨੇ ਰੱਬ ਦਾ ਰੂਪ ਆਖਿਆ ਹੈ। ਜੇਕਰ ਮਾਂ ਨੂੰ ਦੁਨੀਆਂ ਦਾ ਭਵਿੱਖ ਕਹੀਏ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਬੱਚੇ ਦਾ ਸਭ ਤੋਂ ਜ਼ਿਆਦਾ ਸਨੇਹ ਆਪਣੀ ਮਾਂ ਨਾਲ ਹੁੰਦਾ ਹੈ। ਇਸ ਕਰਕੇ ਮਾਂ ਆਪਣੇ ਬੱਚੇ ਨੂੰ ਜਿੱਧਰ ਚਾਹੇ ਮੋੜ ਸਕਦੀ ਹੈ।

ਇਸ ਲੇਖ ਦੁਆਰਾ ਅਸੀਂ ਦਲਿਤ ਮਾਂ ਨੂੰ ਅਪੀਲ ਕਰਦੇ ਹਾਂ ਕਿ ਦਲਿਤ ਕੌਮ ਦੇ ਚੰਗੇਰੇ ਭਵਿੱਖ ਲਈ ਉਹ ਆਪਣੇ ਬੱਚਿਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਵੱਲ ਲਗਾਉਣ ਦੀ ਕਿਰਪਾ ਕਰੇ। ਗੁਰੂ ਸਾਹਿਬ ਦਾ ਮਿਸ਼ਨ ਜਿਥੇ ਵਿਗਿਆਨਿਕ ਅਤੇ ਸਮਾਜਿਕ ਹੈ ਉਥੇ ਇਹ ਮਨੁੱਖ ਨੂੰ ਸਿਮਰਨ ਕਰਨ, ਸੱਚ ਬੋਲਣ, ਨਸ਼ਿਆਂ ਤੋਂ ਦੂਰ ਰਹਿਣ, ਕਾਮ, ਕ੍ਰੋਧ, ਲੋਭ,

ਮੋਹ, ਹੰਕਾਰ, ਤੋਂ ਬਚਣ ਅਤੇ ਇਕ ਸੁਚੱਜਾ ਗ੍ਰਹਿਸਥੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੰਦਾ ਹੈ।

ਵੇਖਣ ਵਿਚ ਆਇਆ ਹੈ ਕਿ ਸਾਡੀ ਕੌਮ ਦੇ ਬਹੁਤ ਸਾਰੇ ਨੌਜਵਾਨ ਸ਼ਰਾਬ, ਭੰਗ, ਨਸ਼ੇ ਦੀਆਂ ਗੋਲੀਆਂ ਅਤੇ ਟੀਕਿਆਂ ਦੇ ਆਦੀ ਹੋ ਰਹੇ ਹਨ। ਇਸ ਦਾ ਇਕ ਖਾਸ ਕਾਰਨ ਇਹ ਵੀ ਹੈ ਕਿ ਉਹਨਾਂ ਨੂੰ ਬਚਪਨ ਤੋਂ ਅਜਿਹੀ ਧਾਰਮਿਕ ਸਿੱਖਿਆ ਨਹੀਂ ਮਿਲੀ ਜਿਸ ਤੋਂ ਉਪਰੋਕਤ ਚੀਜ਼ਾਂ ਦੀ ਵਰਤੋਂ ਕਰਨ ਦੀ ਮਨਾਹੀ ਹੋਵੇ। ਸਤਿਗੁਰੂ ਰਵਿਦਾਸ ਜੀ ਦਾ ਮਿਸ਼ਨ ਨਸ਼ਿਆ ਜਿਹੀ ਭੈੜੀ ਵਾਦੀ ਤੋਂ ਦੂਰ ਰਹਿਣ ਦਾ ਪੈਗਾਮ ਦਿੰਦਾ ਹੈ। ਆਪ ਜੀ ਨੇ ਰਾਗ ਮਲਾਰ ਵਿਚ ਫਰਮਾਇਆ ਹੈ।

ਸੁਰਸਰੀ ਮਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ।

(ਗੁਰੂ ਗ੍ਰੰਥ ਸਾਹਿਬ ਪੰਨਾ ੧੨੯੩)

ਸੋ ਦਲਿਤ ਮਾਂ ਆਪਣੇ ਬੱਚਿਆਂ ਨੂੰ ਗੁਰੂ ਸਾਹਿਬਾਂ ਦੇ ਦਰਸਾਏ ਉਪਦੇਸ਼ਾਂ ਮੁਤਾਬਕ ਚਲਣ ਦੀ ਪ੍ਰੇਰਣਾ ਦੇਵੇ। ਉਹ ਆਪਣੇ ਬੱਚੇ ਅੰਦਰ ਗੁਰੂ ਸਾਹਿਬਾਂ ਦੇ ਦਲਿਤ ਕੌਮ ਲਈ ਕੀਤੇ ਉਪਕਾਰ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀਆਂ ਕੁਰਬਾਨੀਆਂ ਨੂੰ ਕੁੱਟ-ਕੁੱਟ ਕੇ ਭਰੇ। ਇਸ ਤੋਂ ਇਲਾਵਾ ਉਹ ਕੌਮ ਦੇ ਪ੍ਰਾਚੀਨ ਇਤਿਹਾਸ ਨੂੰ ਵੀ ਦੁਹਰਾਵੇ। ਨਵੀਨ ਖੋਜ ਨੇ ਇਹ ਸਾਬਿਤ ਕੀਤਾ ਹੈ ਕਿ ਜਿਨ੍ਹਾਂ ਨੂੰ ਹੁਣ ਤੱਕ ਸ਼ੂਦਰ, ਦਾਸ, ਦਸਿਊ ਅਤੇ ਦਰਾਵੜ ਆਦਿ ਕਹਿੰਦੇ ਆ ਰਹੇ ਹਾਂ ਉਹ ਇਸ ਦੇਸ਼ (ਭਾਰਤ) ਦੇ ਮੂਲ ਨਿਵਾਸੀ ਹਨ। ਮੋਹੰਜੋਦੜੋ-ਹੜੱਪਾ (ਸਿੰਧੂ) ਦੀ ਸੱਭਿਅਤਾ ਦਲਿਤਾਂ ਦੀ ਹੀ ਸਭਿੱਅਤਾ ਹੈ। ਤਾਂ ਫਿਰ ਅਰਾਮਦਾਇਕ ਜੀਵਨ ਬਤੀਤ ਕਰਦੇ ਹਨ। ਰਾਜ ਭੋਗਦੇ ਭਾਰਤ ਦੇ ਮਾਲਕ, ਦਲਿਤ ਕਿਵੇਂ ਬਣ ਗਏ।

ਮਹਾਨ ਵਿਦਵਾਨਾਂ ਦੀਆਂ ਖੋਜਾਂ ਇਸ ਬਾਰੇ ਇੰਝ ਦੱਸਦੀਆਂ ਹਨ—

—ਮਹਾਨ ਅਫਰੀਕਨ ਵਿਚਾਰਕ ਸ਼ੇਖ ਅੰਤਾ, ਡਾਇਪ ਵਲੋਂ ਜਿਲਦ 1 ਸਫਾ 135-141 ਦਲਿਤ ਵਾਇਸ ਮਾਰਚ 87

ਇਹ ਹਮਲਾਵਰ ਆਰੀਅਨ ਸਨ ਜਿਨ੍ਹਾਂ ਨੇ ਔਰਤਾਂ ਨੂੰ ਗੁਲਾਮ ਬਣਾਇਆ। ਸਿੰਧੂ ਸੱਭਿਅਤਾ ਤਬਾਹ ਕੀਤੀ। ਇਹ ਗੈਰ-ਮਨੁੱਖੀ ਆਰੀਅਨ ਵਿਚਾਰਧਾਰਾ ਹੈ ਜਿਸ ਨੇ ਸਤੀ ਪ੍ਰਥਾ ਅਤੇ ਜਾਤੀ ਪ੍ਰਬੰਧ ਨੂੰ ਜਨਮ ਦਿੱਤਾ।

—ਸ੍ਰੀ ਪੀ.ਐਨ ਦੇਸ਼ ਪਾਂਡੇ (ਪੀ.ਟੀ.ਆਈ. ਇੰਡੀਅਨ ਪੋਸਟ, ਮਈ 21 87

ਆਰੀਆਂ ਨੇ ਅੜੱਪਾ ਦੀ ਉੱਨਤ ਸਭਿਅਤਾ ਨੂੰ ਤਬਾਹ ਕੀਤਾ। ਇਹ ਸਿੰਧੂ ਸੱਭਿਅਤਾ ਜੋ ਦੁਨੀਆਂ ਵਿਚ ਉੱਤਮ ਸੱਭਿਅਤਾ ਸੀ ਅਤੇ ਆਰੀਅਨ ਲੋਕ ਇਸ ਦੀ ਤਬਾਹੀ ਦੇ ਜ਼ਿੰਮੇਵਾਰ ਹਨ।

ਇਹ ਮਹਾਨ ਸੱਭਿਅਤਾ ਆਰੀਆ ਦੇ ਆਉਣ ਤੋਂ ਬਹੁਤ ਪਹਿਲਾਂ

ਸਥਾਪਿਤ ਸੀ। ਅਸਲ ਵਿਚ ਅਸੱਭਿਅਕ ਆਰੀਆ ਆਏ ਤੇ ਉਹਨਾਂ ਨੇ ਇਸ ਦਾ ਸੱਤਿਆਨਾਸ਼ ਕਰ ਦਿੱਤਾ। ਇਹ ਆਰੀਆ ਹੀ ਸਨ ਜਿਨ੍ਹਾਂ ਨੇ ਭਾਰਤ ਅੰਦਰ ਜਾਤੀ ਵੰਡ ਪੈਦਾ ਕੀਤੀ। ਅਜਿਹਾ ਉਨ੍ਹਾਂ ਨੇ ਸਥਾਨਕ ਸਿੰਧੂ ਲੋਕਾਂ (ਭਾਵ ਦਰਾਵੜ) ਦਾ ਦਮਨ ਅਤੇ ਅਪਮਾਨ ਕਰਕੇ ਕੀਤਾ ਅਤੇ ਉਹਨਾਂ ਨੂੰ ਨੀਵੀਆਂ ਜਾਤੀਆਂ ਵਿਚ ਵੰਡ ਕੇ ਕੀਤਾ। ਇਹੀ ਕਾਰਨ ਸੀ ਕਿ ਭਾਰਤ ਅੰਦਰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ ਹੋਂਦ ਵਿਚ ਆਏ।

ਹੋਰ ਵਿਦਵਾਨਾਂ ਦੀਆਂ ਅਜਿਹੀਆਂ ਖੋਜਾਂ ਜਾਨਣ ਲਈ ਪੜ੍ਹੋ— ਸ. ਗੁਰਨਾਮ ਸਿੰਘ ਦੀ ਲਿਖੀ ਪੁਸਤਕ "ਭਾਰਤੀ ਲੋਕ ਨੀਚ ਕਿਵੇਂ ਬਣੇ" ਉਹ ਇਹ ਵੀ ਦੱਸੇ ਕਿ ਕਿਵੇਂ ਦਲਿਤਾਂ ਦੇ ਮਹਾਨ ਤਪੱਸਵੀ ਮਹਾਂਰਿਸ਼ੀ ਸ਼ੰਬੂਕ ਦਾ ਵੱਧ ਹੋਇਆ। ਕਿਵੇਂ ਦਲਿਤਾਂ ਦੇ ਮਹਾਨ ਯੋਧਾ ਜਿਸ ਦੇ ਬਰਾਬਰ ਦਾ ਤੀਰ ਅੰਦਾਜ਼ੀ ਹੋਰ ਕੋਈ ਨਹੀਂ ਸੀ, ਦਾ ਅੰਗੂਠਾ ਕਟਵਾ ਕੇ ਉਸਨੂੰ ਨਕਾਰਾ ਕੀਤਾ ਗਿਆ।

ਦਲਿਤ ਮਾਂ ਆਪਣੇ ਬੱਚਿਆਂ ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਦੱਸੇ ਕਿ ਕਿਸ ਤਰ੍ਹਾਂ ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬਿਠਾ ਕੇ ਉਪਰ ਗਰਮ ਰੇਤ ਦੇ ਕੜਛੇ ਪਾ ਕੇ ਸ਼ਹੀਦ ਕੀਤਾ ਗਿਆ। ਕਿਵੇਂ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚ ਸ਼ਹੀਦ ਕੀਤਾ ਗਿਆ। ਕਿਵੇਂ ਚਾਰ ਸਾਹਿਬਜ਼ਾਦੇ ਧਰਮ ਤੇ ਕੌਮ ਦੀ ਖਾਤਿਰ ਸ਼ਹੀਦੀ ਦਾ ਜਾਮ ਪੀ ਗਏ। ਉਹ ਬਚਪਨ ਤੋਂ ਹੀ ਆਪਣੇ ਬੱਚਿਆਂ ਦੇ ਮਨ ਵਿਚ ਦੇਸ਼ ਅਤੇ ਕੌਮ ਦੀ ਰੱਖਿਆ ਦਾ ਜਜ਼ਬਾ ਪੈਦਾ ਕਰੇ।

ਅੱਜ ਸਾਡੀ ਕੌਮ ਬਹੁਤ ਸਾਰੇ ਵਹਿਮਾਂ-ਭਰਮਾਂ ਅਤੇ ਪਾਖੰਡੀਵਾਦੀ ਕੰਮਾਂ ਵਿਚ ਫਸਦੀ ਜਾ ਰਹੀ ਹੈ। ਅਸੀਂ ਆਪਣੇ ਗੁਰੂ ਸਾਹਿਬਾਂ ਦੇ ਦੱਸੇ ਕ੍ਰਾਂਤੀਕਾਰੀ ਉਪਦੇਸ਼ਾਂ ਨੂੰ ਭੁੱਲ ਕੇ ਭੈੜੇ ਰੀਤੀ-ਰਿਵਾਜ ਅਪਣਾ ਰਹੇ ਹਨ। ਕੁਝ ਦੇਵੀ-ਦੇਵਤਿਆਂ ਦੇ ਤੁਰੇ ਹਨ, ਕੁਝ ਮੜੀਆਂ-ਮਸਾਣਾਂ (ਕਬਰਾਂ) ਨੂੰ ਪੂਜ ਰਹੇ ਹਨ, ਕੋਈ ਦਰੱਖਤਾਂ ਨੂੰ ਮੱਥੇ ਟੇਕੀ ਜਾ ਰਿਹਾ ਹੈ। ਕੋਈ ਜਠੇਰਿਆਂ, ਤੀਰਥਾਂ, ਵਰਤਾਂ, ਸ਼ਰਾਧਾਂ ਅਤੇ ਪੰਚਕਾਂ ਦੇ ਚੱਕਰ ਵਿਚ ਫਸਿਆ ਹੋਇਆ ਹੈ। ਦਲਿਤ ਮਾਂ ਆਪਣੇ ਬੱਚਿਆਂ ਨੂੰ ਇਨ੍ਹਾਂ ਫੋਕਟ ਕਰਮਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦੇਵੇ। ਉਹ ਪੜ੍ਹਾਈ ਕਰਕੇ ਵਿਦਵਾਨ ਬੰਨਣ। ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬਾਂ ਦੀ ਬਾਣੀ ਪੜ੍ਹਨ, ਇਤਿਹਾਸ ਪੜ੍ਹਨ, ਕਸਰਤ ਕਰਨ, ਖੇਡਾਂ ਵਿਚ ਭਾਗ ਲੈ ਕੇ ਚੰਗੇ ਖਿਡਾਰੀ ਬੰਨਣ। ਸੋ ਜੇਕਰ ਸਾਡੀ ਨਵੀਂ ਪੀੜੀ ਚੰਗਾ ਪੜ੍ਹ ਲਿਖ ਕੇ, ਵਹਿਮਾਂ-ਭਰਮਾਂ ਤੇ ਨਸ਼ਿਆਂ ਨੂੰ ਤਿਆਗ ਕੇ, ਗੁਰੂ ਸਾਹਿਬਾਂ ਦੇ ਉਪਦੇਸ਼ ਅਨੁਸਾਰ "ਸਤਿਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ" ਭਾਵ ਮਧੂ ਮੱਖੀਆਂ ਵਾਂਗ ਇਕੱਠੀ ਹੋ ਗਈ ਤਾਂ ਉਹ ਦਿਨ ਦੂਰ ਜਦੋਂ ਅਸੀਂ ਦੁਬਾਰਾ ਫਿਰ ਅਰਾਮਦਾਇਕ ਜੀਵਨ

ਬਤੀਤ ਕਰਨ ਜੋਗੇ ਹੋ ਜਾਵਾਂਗੇ। ਭਾਰਤ ਦੇ ਹਰੇਕ ਨਾਗਰਿਕ ਨੂੰ ਢਿੱਡ ਭਰ ਕੇ ਰੋਟੀ ਖਾਣ ਨੂੰ ਮਿਲੇਗੀ। ਅੱਜ ਕੀ ਹੋ ਰਿਹਾ ਹੈ ਭਾਰਤ ਦੇ 15% ਲੋਕ ਤਾਂ ਮੋਟਰ, ਕਾਰਾਂ ਵਿਚ ਘੁੰਮ ਰਹੇ ਹਨ। ਪਰ ਬਾਕੀ ਦੇ ਲੋਕਾਂ ਨੂੰ ਰੋਟੀ ਦੇ ਲਾਲੇ ਪਏ ਹਨ ਅਤੇ ਕੁਝ ਭੁੱਖੇ ਪੇਟ ਸੌਂਦੇ ਹਨ। ਸੋ ਇਹ ਦਲਿਤ ਮਾਂ ਦੇ ਹੱਥ ਵਿਚ ਹੈ ਕਿ ਉਹ ਆਪਣੀ ਕੌਮ ਨੂੰ ਕਿੱਧਰਲੇ ਪਾਸੇ ਮੋੜਣਾ ਚਾਹੁੰਦੀ ਹੈ।

*ਲੇਖਕ—ਚਰਨਜੀਤ ਸਿੰਘ*

ਗੁਰੂ ਪਿਆਰੀ ਸਾਧ ਸੰਗਤ ਜੀ,

ਇਸ ਸੰਸਥਾ ਦਾ ਉਦੇਸ਼ ਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਸਹੀ ਰੂਪ ਵਿਚ ਗੁਰੂ ਪ੍ਰੇਮੀਆ ਤੱਕ ਪਹੁੰਚਾਉਣਾ ਅਤੇ ਦਲਿਤ ਕੌਮ ਨੂੰ ਸੁੱਚਜੀ ਸੇਧ ਦੇਣਾ ਹੈ। ਇਸ ਬਾਬਤ ਅਸੀਂ ਹਰ ਸਾਲ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਟ੍ਰੈਕਟ ਛਾਪ ਕੇ ਗੁਰੂ ਪ੍ਰੇਮੀਆ ਤੱਕ ਮੁਫਤ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਸਾਲ ਇਕ ਹੋਰ ਹਿੰਦੀ ਟ੍ਰੈਕਟ 'ਸਤਿ ਭਾਖੈ ਰਵਿਦਾਸ' ਵੀ ਛਾਪਿਆ ਜਾ ਰਿਹਾ ਹੈ। ਇਸ ਸਭਾ ਦੇ ਮੈਂਬਰ ਆਰਥਿਕ ਪੱਖੋਂ ਬਹੁਤੇ ਮਜ਼ਬੂਤ ਨਹੀਂ ਹਨ ਅਤੇ ਇਸ ਸਭਾ ਦਾ ਹੋਰ ਕੋਈ ਆਮਦਨੀ ਦਾ ਸਰੋਤ ਵੀ ਨਹੀਂ ਹੈ। ਸੋ ਇਹ ਫਰੀ ਟ੍ਰੈਕਟ ਸੇਵਾ ਮੈਂਬਰਾਂ ਦੀ ਤੁਸ਼ ਭੇਟਾ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਹੀ ਕੀਤੀ ਜਾਂਦੀ ਹੈ। ਅਸੀਂ 'ਲੋਕ ਸੇਵਾ ਨੌਜਵਾਨ ਸਭਾ ਖੁਰਲਾ ਕਿੰਗਰਾ ਜਲੰਧਰ' ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਟ੍ਰੈਕਟ ਵਾਸਤੇ ਵਿਸੇਸ਼ ਸਹਿਯੋਗ ਦੇ ਕੇ ਗੁਰੂ ਸਾਹਿਬ ਦੇ ਮਿਸ਼ਨ ਨੂੰ ਪ੍ਰਦਾਰਨ ਵਿਚ ਆਪਣਾ ਯੋਗਦਾਨ ਪਾਇਆ ਹੈ।

## ਪਰਉਪਕਾਰੀ

—ਕਵੀ ਕਰਮ ਚੰਦ 'ਪ੍ਰੇਮੀ'

ਕੀਤਾ ਉਪਕਾਰ ਬੜਾ ਭਾਰੀ, ਦੁਖੀਆਂ ਦੇ ਸਹਾਰੇ ਨੇ,
ਗੁਰੂ ਰਵਿਦਾਸ ਪਿਆਰੇ ਨੇ।
ਜਦੋਂ ਸੰਸਾਰ ਦੇ ਅੰਦਰ ਜ਼ੁਲਮ ਅੰਧੇਰ ਛਾਇਆ ਸੀ।
ਜਾਮਾਂ ਇਨਸਾਨ ਦਾ ਲੈ ਕੇ, ਖੁਦਾ ਖੁਦ ਆਪ ਆਇਆ ਸੀ।
ਜਨਮ ਦੇ ਸਾਰ ਹੀ ਉਸਨੇ ਮਾਰੇ ਨੂਰੀ ਚਮਕਾਰੇ ਨੇ।
ਗੁਰੂ ਰਵਿਦਾਸ ਪਿਆਰੇ ਨੇ.........।

ਮਾਨਸ ਏਕ ਹੈ ਸਭ ਹੀ, ਕਥਨ ਵੇਦਾਂ ਗਰੰਥਾਂ ਦਾ।
ਖਲਕ ਮੇਂ ਆਪ ਹੈ ਖਾਲਕ ਇਸ਼ਾਰਾ ਪੂਰਨ ਸੰਤਾਂ ਦਾ।
ਭਰਮ ਤਾਂ ਦੂਰ ਕਰਨੇ ਲਈ, ਪੱਥਰ ਇਨਸਾਨ ਤਾਰੇ ਨੇ।
ਗੁਰੂ ਰਵਿਦਾਸ ਪਿਆਰੇ ਨੇ.........।

ਮਿਲੇ ਇਨਸਾਨ ਕੋ ਮੁਕਤੀ, ਗੁਰੂ ਉਪਦੇਸ਼ ਐਸਾ ਹੈ,
ਚੰਦਨ ਵਤ ਸੰਤ ਹੈ 'ਪ੍ਰੇਮੀ' ਨੂਰਾਨੀ ਭੇਖ ਐਸਾ ਹੈ,
ਜਨੇਊ ਚੌਹਾਂ ਵਰਨਾਂ ਦੇ, ਦਿਖਾਏ ਨਿਆਰੇ ਨਿਆਰੇ ਨੇ।
ਗੁਰੂ ਰਵਿਦਾਸ..................।

ਕੀਤਾ ਉਪਕਾਰ ਬੜਾ ਭਾਰੀ, ਦੁਖੀਆਂ ਦੇ ਸਹਾਰੇ ਨੇ,
ਗੁਰੂ ਰਵਿਦਾਸ ਪਿਆਰੇ ਨੇ।

-ਗੀਤ -

## ਦਮੜੀ ਭੇਟਾ

ਮੇਰੀ ਦਮੜੀ ਤੂੰ ਗੰਗਾ ਨੂੰ ਫੜਾਈਂ,
ਗੰਗਾ ਦੇ ਵਲ ਜਾਣ ਵਾਲਿਆ।
ਮੇਰਾ ਨਾਮ ਲੈ ਕੇ ਵਾਜ ਤੂੰ ਲਗਾਈਂ,
ਗੰਗਾ ਦੇ ਵਲ ਜਾਣ ਵਾਲਿਆ।
ਆਖੀਂ ਰਵਿਦਾਸ ਤੈਨੂੰ ਦਮੜੀ ਹੈ ਭੇਜਦਾ।
ਗਰੀਬ ਦਾ ਖਿਆਲ ਰੱਖੀਂ ਗੱਲ ਕਹਿਕੇ ਭੇਜਦਾ।
ਮੇਰੀ ਦਮੜੀ ਇਹ ਹੱਕ ਦੀ ਕਮਾਈ,
ਗੰਗਾ ਦੇ ਵਲ ਜਾਣ ਵਾਲਿਆ।
ਕਰੀਂ ਫਰਿਆਦ ਮੇਰੀ ਗੰਗਾ ਉੱਤੇ ਜਾ ਕੇ।
ਬੋਲਣਾਂ ਨਹੀਂ ਕਿਸੇ ਗੱਲੋਂ ਤੂੰ ਤਾਂ ਘਬਰਾਕੇ।
ਵੇਖੀ ਚੇਤਾ ਨਾ ਭੁੱਲਾ ਕੇ ਆਈਂ,
ਗੰਗਾ ਦੇ ਵੱਲ ਜਾਣ ਵਾਲਿਆ।
ਮੇਰਾ ਨਾਮ ਲੈ ਕੇ ਅਵਾਜ ਗੰਗਾ ਨੂੰ ਲਗਾਈਂ ਤੂੰ।
ਹੱਥ ਕੱਢ ਲਵੇ ਉੱਤੇ ਤਲੀ ਦੇ ਟਕਾਈਂ ਤੂੰ।
ਕਹਿੰਦਾ ਪਾਣੀ ਵਿਚ ਸੁੱਟਕੇ ਨਾ ਆਈਂ।
ਗੰਗਾ ਵਲ ਜਾਣ ਵਾਲਿਆ।
'ਮਹਿੰਦਰ' ਚੁੰਬਰ ਬਿਰਕਾਂ ਵਾਲਾ ਹੱਥ ਦੋਵੇਂ ਜੋੜਦਾ।
ਲਾਜ ਤੂੰ ਬਚਾਈਂ ਮੈਂ ਤਾਂ ਇਹੋ ਕੁਝ ਲੋੜਦਾ।
ਜਦੋਂ ਯਾਦ ਕਰਾਂ ਦਰਸ਼ਨ ਦਿਖਾਈਂ।
ਗੰਗਾ ਵਲ ਜਾਣ ਵਾਲਿਆ।

# ਜ਼ਰੂਰੀ ਬੇਨਤੀਆਂ

* ਇਸ ਸੰਸਥਾ ਕੋਲ ਟ੍ਰੈਕਟ ਨੰ. 1,2,3,4 ਖਤਮ ਹੋ ਚੁੱਕੇ ਹਨ। ਇਸ ਕਰਕੇ ਇਹ ਟ੍ਰੈਕਟ ਮੰਗਵਾਉਣ ਲਈ ਨਾ ਲਿਖੋ ਜੀ।
* ਇਸ ਹਥਲੇ ਟ੍ਰੈਕਟ ਦੀਆਂ ਕੁਝ ਕਾਪੀਆਂ ਤੁਸੀਂ 25 ਪੈਸੇ ਦੇ ਪੋਸਟ ਕਾਰਡ ਤੇ ਆਪਣਾ ਪੂਰਾ ਪਤਾ ਲਿਖਕੇ ਬਿਲਕੁੱਲ ਮੁਫਤ ਮੰਗਵਾ ਸਕਦੇ ਹੋ।
* ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਵਿਚ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਸ ਸਾਡੇ ਪਾਸੋਂ 150 ਰੁ. ਸੈਂਕੜੇ ਦੇ ਹਿਸਾਬ ਨਾਲ ਮੰਗਵਾ ਸਕਦੇ ਹੋ। ਇਸ ਵਾਸਤੇ ਪਹਿਲਾਂ ਮਨੀਆਰਡਰ ਭੇਜੋ। ਜਾਂ ਵੀ.ਪੀ.ਪੀ. ਰਾਹੀਂ ਭੇਜਣ ਲਈ ਲਿਖੋ।
* ਕਿਰਪਾ ਕਰਕੇ ਆਪਣੇ ਕੀਮਤੀ ਸੁਝਾਅ ਸਾਨੂੰ ਭੇਜੋ ਕਿ ਅਸੀਂ ਕਿਸ ਤਰ੍ਹਾਂ ਗੁਰੂ ਸਾਹਿਬ ਦੇ ਮਿਸ਼ਨ ਨੂੰ ਚੰਗੇ ਤਰੀਕੇ ਨਾਲ ਪ੍ਰਚਾਰ ਸਕਦੇ ਹਾਂ।
* ਇਸ ਸਭਾ ਵੱਲ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਚਾਲੀ ਸ਼ਬਦ ਅਤੇ ਇਕ ਸਲੋਕ ਦਾ ਗੁਟਕਾ ਸਾਹਿਬ ਤੁਸੀਂ ਛੇ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ।
* ਅਗਰ ਇਹੀ ਗੁਟਕਾ ਸਾਹਿਬ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 300 ਰੁ. ਦੇ 100 ਗੁਟਕਾ ਸਾਹਿਬ ਵੀ.ਪੀ.ਪੀ. ਦੁਆਰਾ ਮੰਗਵਾ ਸਕਦੇ ਹੋ। ਵੀ.ਪੀ.ਪੀ. ਦਾ ਖਰਚਾ ਤੁਹਾਡਾ ਹੋਏਗਾ।
* ਕਿਰਪਾ ਕਰਕੇ ਆਪਣੇ ਕੀਮਤੀ ਸੁਝਾਏ ਸਾਨੂੰ ਲਿਖ ਕੇ ਭੇਜੋ ਜਿਸ ਨਾਲ ਅਸੀਂ ਹੋਰ ਵੀ ਵਧੀਆ ਢੰਗ ਦੁਆਰਾ ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕਰ ਸਕੀਏ।

ਸੁਝਾਅ ਭੇਜਣ, ਭੇਟਾ ਭੇਜਣ ਅਤੇ ਟ੍ਰੈਕਟ/ਗੁਟਕਾ ਸਾਹਿਬ ਮੰਗਵਾਉਣ ਲਈ ਪਤਾ।

ਰਾਜ ਕੁਮਾਰ 'ਦੜੋਚ'
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾ. ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201